## ਦਫਤਰ ਨਗਰ ਨਿਗਮ ਬਠਿੰਡਾ।

ਨਗਰ ਨਿਗਮ, ਬਠਿੰਡਾ ਦੀ ਫਾਇਨਾਂਸ ਅਤੇ ਕੰਟਰੈਕਟ ਕਮੇਟੀ ਦੀ ਮੀਟਿੰਗ ਮਿਤੀ 20.07.2017 ਨੂੰ ਦੁਪਹਿਰ 12.00 ਵਜੇ ਸ਼੍ਰੀ ਬਲਵੰਤ ਰਾਏ, 'ਨਾਥ' ਮੇਅਰ, ਨਗਰ ਨਿਗਮ, ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰਜ਼ ਨੇ ਹਿੱਸਾ ਲਿਆ।

ਸ਼੍ਰੀ ਬਲਵੰਤ ਰਾਏ 'ਨਾਥ'
ਮੇਅਰ

ਸ਼੍ਰੀ ਸੰਯਮ ਅਗਰਵਾਲ, ਆਈ.ਏ.ਐਸ.
ਕਮਿਸ਼ਨਰ

ਸ਼੍ਰੀ ਤਰਸੇਮ ਚੰਦ ਗੋਇਲ
ਸੀਨੀਅਰ ਡਿਪਟੀ ਮੇਅਰ

ਸ਼੍ਰੀਮਤੀ ਗੁਰਿੰਦਰਪਾਲ ਕੋਰ ਮਾਂਗਟ
ਡਿਪਟੀ ਮੇਅਰ

ਸ਼੍ਰੀ ਹਰਮੰਦਰ ਸਿੰਘ, ਕੌਂਸਲਰ
ਮੈਂਬਰ ਐਫ.ਐਂਡ ਸੀ.ਸੀ.

ਸ਼੍ਰੀ ਨਿਰਮਲ ਸਿੰਘ ਸੰਧੂ, ਕੌਂਸਲਰ
ਮੈਂਬਰ ਐਫ.ਐਂਡ ਸੀ.ਸੀ.

<table>
<tr><th>ਲੜੀ ਨੰ:</th><th>ਮਤਾ ਨੰ:</th><th>ਏਜੰਡਾ ਆਈਟਮ ਨੰ:</th><th>ਮਤਾ ਜੋ ਪਾਸ ਹੋਇਆ</th></tr>
<tr><td>1</td><td>26</td><td>ਏਜੰਡਾ ਨੰ: 1<br>ਮੀਟਿੰਗ ਮਿਤੀ 16.06.2017 ਦੀ ਕਾਰਵਾਈ ਦੀ ਪਕਿਆਈ।</td><td>ਮੀਟਿੰਗ ਮਿਤੀ 16.06.2017 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।</td></tr>
<tr><td>2</td><td>27</td><td>ਏਜੰਡਾ ਨੰ: 2<br>ਰਿਪੋਰਟ ਰੈਂਟ ਸ਼ਾਖਾ ਕਿ ਕੰਟੀਨ ਵਾਕਿਆ ਰੋਜ਼ ਗਾਰਡਨ, ਤਿੰਨ ਸਾਲ ਲਈ ਠੇਕੇ ਤੇ ਦੇਣ ਸਬੰਧੀ ਮਿਤੀ 28.06.2017 ਨੂੰ ਬੋਲੀ ਕਰਵਾਈ ਗਈ, ਜਿਸ ਵਿੱਚ ਤਿੰਨ ਬੋਲੀਕਾਰਾਂ ਨੇ ਅਮਾਨਤੀ ਰਕਮ ਜਮਾਂ ਕਰਵਾਈ। ਸਰਕਾਰੀ ਬੋਲੀ 3,00,000/- ਰੁਪਏ ਪ੍ਰਤੀ ਸਾਲ ਰੱਖੀ ਗਈ ਸੀ। ਸੱਭ ਤੋਂ ਵੱਧ ਬੋਲੀ ਸ਼੍ਰੀ ਰਾਜੀਵ ਕੁਮਾਰ ਪੁੱਤਰ ਸ਼੍ਰੀ ਈਸ਼ਵਰ ਦਾਸ ਵਲੋਂ ਮੁਬਲਿਗ 3,14,000/- ਰੁਪਏ ਪ੍ਰਤੀ ਸਾਲ ਦਿੱਤੀ ਗਈ। ਇਸਤੋਂ ਉਪਰ ਹੋਰ ਕਿਸੇ ਬੋਲੀਕਾਰ ਨੇ ਬੋਲੀ ਨਹੀਂ ਦਿੱਤੀ। ਨਿਗਮ ਦੇ ਵਿੱਤੀ ਹਿੱਤਾਂ ਨੂੰ ਮੁੱਖ ਰਖਦੇ ਹੋਏ ਬਾ-ਉਮੀਦ ਪ੍ਰਵਾਨਗੀ ਐਫ.ਐਂਡ ਸੀ.ਸੀ. ਬੋਲੀਕਾਰ ਨੂੰ ਮਿਤੀ 14.07.2017 ਨੂੰ ਕਬਜ਼ਾ ਦੇ ਦਿੱਤਾ ਹੈ। ਕੇਸ ਐਫ.ਐਂਡ ਸੀ.ਸੀ. ਦੀ ਪ੍ਰਵਾਨਗੀ ਹਿੱਤ।</td><td>ਨੋਟ ਕੀਤਾ।<br>ਮਜ਼ੀਦ ਸਰਵ ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਨਿਗਮ ਵੱਲੋਂ ਕੋਈ ਵੀ ਬੋਲੀ/ਟੈਂਡਰ ਦੇ ਕੰਮ ਦੀ ਅਗਲੀ ਕਾਰਵਾਈ ਐਫ.ਐਂਡ ਸੀ.ਸੀ. ਦੀ ਪ੍ਰਵਾਨਗੀ ਲੈਣ ਤੋਂ ਬਾਅਦ ਹੀ ਕੀਤੀ ਜਾਵੇ।</td></tr>
<tr><td>3</td><td>28</td><td>ਏਜੰਡਾ ਨੰ: 3<br>ਰਿਪੋਰਟ ਸਟੋਰਕੀਪਰ ਕਿ ਕੰਪਿਊਟਰ ਪ੍ਰਿੰਟਰਾਂ ਦੀ ਵਰਤੋਂ ਦਾ ਸਮਾਨ (ਟੋਨਰ ਪੇਪਰ) ਖਰੀਦ ਕਰਨ ਦੇ ਮੁਬਲਿਗ 9.13 ਲੱਖ ਰੁਪਏ ਦੇ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਮਿਤੀ 11.07.2017 ਨੂੰ ਮੰਗੇ ਗਏ ਸਨ। ਇਸ ਸਬੰਧੀ ਹੇਠ ਲਿਖੇ ਅਨੁਸਾਰ 3 ਟੈਂਡਰ ਪ੍ਰਾਪਤ ਹੋਏ ਹਨ:-
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ (ਰੁਪਏ)</th></tr>
<tr><td>1.</td><td>ਟੀ.ਆਰ.ਟ੍ਰੇਡਰਜ਼</td><td>-19.10%</td><td>738617/-</td></tr>
<tr><td>2.</td><td>ਸ਼੍ਰੀ ਸੁਮੀਤ ਗਰਗ ਠੇਕੇਦਾਰ</td><td>-17.17%</td><td>756237/90</td></tr>
<tr><td>3.</td><td>ਸ਼ਕਤੀ ਇੰਜੀਨੀਅਰਿੰਗ ਕੰਪਨੀ</td><td>-23.23%</td><td>700910/10</td></tr>
</table>
ਉਕਤ ਟੈਂਡਰਾਂ ਵਿੱਚੋਂ ਸ਼ਕਤੀ ਇੰਜੀਨੀਅਰਿੰਗ ਕੰਪਨੀ ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਸਪਲਾਈ 9.13 ਲੱਖ ਰੁਪਏ ਦੇ ਵਿਰੁੱਧ 700910/- ਰੁਪਏ ਵਿੱਚ ਕਰਨ ਲਈ ਤਿਆਰ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਆਏ ਰੇਟਾਂ ਵਿਰੁੱਧ ਅੱਧੀ ਰਕਮ ਮੁਬਲਿਗ 350455/- ਰੁਪਏ ਦੇ ਟੋਨਰ ਖਰੀਦ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਬਾਕੀ ਦੀ ਅੱਧੀ ਰਕਮ ਮੁਬਲਿਗ 350455/- ਰੁਪਏ ਦੇ ਪੁਰਾਣੇ ਖਰੀਦ ਕੀਤੇ ਟੋਨਰ ਰਿਫਿਲ ਕਰਵਾਏ ਜਾਣ।</td></tr>
<tr><td>4</td><td>29</td><td>ਏਜੰਡਾ ਨੰ: 4<br>ਰਿਪੋਰਟ ਸਟੋਰਕੀਪਰ ਕਿ ਸਟੇਸ਼ਨਰੀ ਦਾ ਸਮਾਨ ਖਰੀਦ ਕਰਨ ਦੇ ਮੁਬਲਿਗ 4.38 ਲੱਖ ਰੁਪਏ ਦੇ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਮਿਤੀ 11.07.2017 ਨੂੰ ਮੰਗੇ ਗਏ ਸਨ। ਇਸ ਸਬੰਧੀ ਹੇਠ ਲਿਖੇ ਅਨੁਸਾਰ 3 ਟੈਂਡਰ ਪ੍ਰਾਪਤ ਹੋਏ ਹਨ:-
<table>
<tr><th>ਲੜੀ ਨੰ:</th><th>ਏਜੰਸੀ ਦਾ ਨਾਮ</th><th>ਓਵਰਆਲ ਲੈਸ</th><th>ਟੈਂਡਰ ਕੀਤੀ ਰਕਮ (ਰੁਪਏ)</th></tr>
<tr><td>1.</td><td>ਟੀ.ਆਰ.ਟ੍ਰੇਡਰਜ਼</td><td>-28.10%</td><td>314922/-</td></tr>
<tr><td>2.</td><td>ਸ਼੍ਰੀ ਸੁਮੀਤ ਗਰਗ ਠੇਕੇਦਾਰ</td><td>-19.19%</td><td>353947/80</td></tr>
<tr><td>3.</td><td>ਸ਼ਕਤੀ ਇੰਜੀਨੀਅਰਿੰਗ ਕੰਪਨੀ</td><td>-26.26%</td><td>322981/20</td></tr>
</table></td><td>ਨਿਗਮ ਦੀ ਵਿੱਤੀ ਹਾਲਤ ਨੂੰ ਦੇਖਦੇ ਹੋਏ ਤਖਮੀਨੇ ਵਿੱਚ ਦਰਜ਼ ਖਰੀਦ</td></tr>
</table>

| | | | |
|---|---|---|---|
| | | ਉਕਤ ਟੈਂਡਰਾਂ ਵਿੱਚੋਂ ਟੀ.ਆਰ. ਟ੍ਰੇਡਰਜ਼ ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਸਪਲਾਈ 4.38 ਲੱਖ ਰੁਪਏ ਦੇ ਵਿਰੁੱਧ 314922/- ਰੁਪਏ ਵਿੱਚ ਕਰਨ ਲਈ ਤਿਆਰ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਕੀਤੀ ਜਾਣ ਵਾਲੀ ਸਟੇਸ਼ਨਰੀ ਦੇ ਸਮਾਨ ਦੀ ਮਾਤਰਾ ਤੇ ਮੁੜ੍ਹ ਵਿਚਾਰ ਕਰ ਲਿਆ ਜਾਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ।** |

**ਸਹੀ/-**
**ਮੇਅਰ**
**ਨਗਰ ਨਿਗਮ, ਬਠਿੰਡਾ।**